ਦਫਤਰ ਕਾਰਜਕਾਰੀ ਇੰਜੀਨਅਰ, ਪ੍ਰਾਂਤਕ ਮੰਡਲ ਨੰ: 2, ਲੋ: ਨਿ: ਵਿ, ਭ: ਤੇ ਮ: ਸ਼ਾਖਾ, ਪਟਿਆਲਾ ਚੌਥੀ ਮੰਜ਼ਿਲ, ਬਲਾਕ-ਸੀ ਮਿੰਨੀ ਸਕੱਤਰੇਤ, ਪਟਿਆਲਾ ।
Email id : cepd2ptapwdpb@gmail.com Tel. & Fax No. 0175-2362100

ਵੱਲ:

ਜ਼ਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪਟਿਆਲਾ।

ਮੀਮੋ ਨੰ: ਮਿਤੀ:

ਵਿਸ਼ਾ: **NOC case for setting up MS/HSD & CNG Retail Outlet dealership at Location Khasra no. 237 village Lehl, Distt. Patiala RD 0.80 km RHS** ।

ਹਵਾਲਾ: ਆਪ ਦਾ ਮੀਮੋ ਨੰ: ਨਿ: ਪੈਟ੍-19/5342 ਮਿਤੀ 27.08.2019

ਉਪਰੋਕਤ ਵਿਸ਼ੇ ਅਧੀਨ ਪੈਟਰੋਲ ਪੰਪ "ਪਟਿਆਲਾ-ਨਾਭਾ-ਮਲੇਰਕੋਟਲਾ ਸੜਕ" (ਐਮ.ਡੀ.ਆਰ.-32) ਦੀ ਆਰ.ਡੀ. 0.80 ਕਿ:ਮੀ: ਦੇ ਸੱਜੇ ਪਾਸੇ ਸਥਿਤ ਹੈ। । ਇਸ ਸਬੰਧੀ ਹੇਠ ਲਿਖੀਆਂ ਵਿਭਾਗੀ ਸ਼ਰਤਾਂ ਸਹਿਤ ਬਿਨੈਕਰਤਾ ਨੂੰ ਸਿਰਫ 3 ਮਹੀਨੇ ਦੀ ਮਿਆਦ ਤੱਕ ਪ੍ਰੋਵੀਜ਼ਨਲ ਐਨ.ਓ.ਸੀ., ਸੀ.ਐਲ.ਯੂ/ਬਿਲਡਿੰਗ ਪਲੈਨ ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ:

1) ਬਿਨੈਕਾਰ ਨੱਥੀ ਡਰਾਇੰਗ ਅਨੁਸਾਰ ਅਤੇ ਨਿਗਰਾਨ ਇੰਜੀਨੀਅਰ ਦਫਤਰ ਵਲੋਂ ਰਿਲੈਕਸੇਸ਼ਨ ਲਈ ਜਾਰੀ ਮੰਜੂਰੀ ਅਨੁਸਾਰ ਪੈਟਰੋਲ ਪੰਪ ਲਈ 12.00 ਮੀ: ਦੇ 2 ਨੰ. ਗੇਟ, ਪੁੱਡਾ ਕਲੋਨੀ ਦੇ ਗੇਟ ਤੋਂ 30 ਮੀਟਰ ਨਾਭਾ ਸਾਈਡ ਵੱਲ ਤੋਂ ਸ਼ੁਰੂ ਕਰਕੇ ਅਤੇ ਗੁਰਦੁਆਰਾ ਦੁੱਖਨਿਵਾਰਨ ਸਾਈਡ ਵਾਲੇ ਪਾਸੇ ਮਿਡੀਅਨ ਗੈਪ ਤੋਂ ਅੱਗੇ 100 ਮੀਟਰ ਤੱਕ ਘੱਟੋ-ਘੱਟ 5.50 ਮੀਟਰ ਚੋੜੀ ਪੇਵਡ ਸਟੋਨ ਦੀ ਸਰਵਿਸ ਰੋਡ ਦੀ ਉਸਾਰੀ ਨੱਥੀ ਡਰਾਇੰਗ ਅਨੁਸਾਰ ਆਪਣੇ ਪੱਧਰ ਤੇ ਕਰੇਗਾ। ਇਸ ਦੇ ਨਾਲ-ਨਾਲ 0.30 ਮੀਟਰ ਚੋੜਾ ਅਤੇ 0.750 ਮੀਟਰ ਉੱਚਾ ਕਰੈਸ਼ ਗਾਰਡ ਲਗਾ ਕੇ ਸਰਵਿਸ ਰੋਡ ਰਾਹੀਂ 2 ਨੰ. ਰਸਤਿਆਂ ਦੀ ਉਸਾਰੀ ਆਪਣੇ ਪੱਧਰ ਤੇ ਕਰੇਗਾ।
2) ਬਿਨੈਕਾਰ ਉਪਰ ਦਿੱਤੇ ਗਏ ਸਮੇਂ ਸੀਮਾਂ ਦੇ ਅੰਦਰ ਨਗਰ ਯੋਜਨਾਕਾਰ ਦਫਤਰ ਪਾਸੋਂ ਜੇਕਰ ਲੋੜੀਂਦਾ ਹੋਵੇ ਸੀ.ਐਲ.ਯੂ./ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਾਪਤ ਕਰੇਗਾ।
3) ਬਿਨੈਕਾਰ ਆਰਜ਼ੀ ਨਕਸ਼ੇ ਅਨੁਸਾਰ ਪੈਟਰੋਲ ਪੰਪ ਦੀ ਉਸਾਰੀ ਕਰਨ ਉਪਰੰਤ ਮਹਿਕਮਾ ਪੀ.ਡਬਲਿਊ.ਡੀ. (ਬੀ.ਐਂਡ.ਆਰ) ਵਿਭਾਗ ਤੋਂ ਪੰਪ ਤੇ ਸਪਲਾਈ ਸ਼ੁਰੂ ਕਰਨ ਤੋਂ ਪਹਿਲਾਂ ਰਸਤੇ ਲਈ ਫਾਈਨਲ ਐਨ.ਓ.ਸੀ. ਪ੍ਰਾਪਤ ਕਰਨ ਲਈ ਪਾਬੰਦ ਰਹੇਗਾ ਜੇਕਰ ਬਿਨੈਕਾਰ ਫਾਇਨਲ ਐਨ.ਓ.ਸੀ ਪ੍ਰਾਪਤ ਕਰੇ ਬਿਨਾਂ ਪੰਪ ਤੋਂ ਸਪਲਾਈ ਸ਼ੁਰੂ ਕਰਦਾ ਹੈ ਤਾਂ ਇਹ ਜਾਰੀ ਕੀਤਾ ਪ੍ਰੋਵੀਜ਼ਨਲ ਐਨ.ਓ.ਸੀ ਰੱਦ ਸਮਝਿਆ ਜਾਵੇਗਾ।
4) ਇਸ ਦਫਤਰ ਵਲੋਂ ਜਾਰੀ ਕੀਤਾ ਗਿਆ ਇਹ ਪ੍ਰੋਵੀਜ਼ਨਲ ਐਨ.ਓ.ਸੀ. ਜਾਰੀ ਕਰਨ ਦੀ ਮਿਤੀ ਤੋਂ ਸਿਰਫ 3 ਮਹੀਨੇ ਲਈ ਵੈਲਿਡ ਹੋਵੇਗਾ, ਇਸ ਤੇ ਬਾਅਦ ਇਹ ਐਨ.ਓ.ਸੀ ਰੱਦ ਸਮਝਿਆ ਜਾਵੇ।
5) ਬਿਨੈਕਾਰ ਆਈ.ਆਰ.ਸੀ.-12 (2016) ਕੋਡ ਅਤੇ ਰਿਟੇਲ ਆਉਟਲੈੱਟ ਲਈ ਨਿਰਧਾਰਤ ਅਤੇ ਸਮੇ-ਸਮੇ ਸਿਰ ਜਾਰੀ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
6) ਬਿਨੈਕਾਰ ਆਈ.ਆਰ.ਸੀ./ਲੋਕ ਨਿਰਮਾਣ ਵਿਭਾਗ/ਪੁੱਡਾ ਦੀਆਂ ਸਮੇਂ-ਸਮੇਂ ਤੇ ਦਿੱਤੀਆਂ ਗਈਆਂ ਹਦਾਇਤਾਂ/ਸ਼ਰਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
7) ਪੈਟਰੋਲ ਪੰਪ ਮਾਲਕ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪੈਟਰੋਲ ਪੰਪ ਵਾਲੀ ਜਗ੍ਹਾ ਦਾ ਪਾਣੀ ਸੜਕ ਜਾਂ ਬਰਮ ਤੇ ਨਾ ਆਵੇ।
8) ਬਿਨੈਕਾਰ ਪੈਟਰੋਲ ਪੰਪ ਦੇ ਸਟਰੱਕਚਰ ਦੀ ਉਸਾਰੀ ਨੱਥੀ ਡਰਾਇੰਗ ਅਨੁਸਾਰ ਕਰੇਗਾ ਅਤੇ ਸਟਰੱਕਚਰ ਮੁਕੰਮਲ ਹੋਣ ਤੇ ਇਸ ਵਿਭਾਗ ਤੋਂ ਕੰਪਲੀਸ਼ਨ ਸਰਟੀਫਿਕੇਟ/ਫਾਈਨਲ ਐਨ.ਓ.ਸੀ. ਪ੍ਰਾਪਤ ਕਰਨ ਉਪਰੰਤ ਹੀ ਪੰਪ ਤੇ ਤੇਲ ਸਪਲਾਈ ਸ਼ੁਰੂ ਕਰੇਗਾ।
9) ਬਫਰ ਸਟਰਿਪ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਦੀ ਹਦੂਦ ਤੋਂ ਬਾਹਰ ਕੀਤੀ ਜਾਵੇਗੀ।
10) ਪੈਟਰੋਲ ਪੰਪ ਦੀ ਉਸਾਰੀ ਸਮੇਂ ਕੋਈ ਵੀ ਮਟੀਰੀਅਲ ਸੜਕ ਜਾਂ ਬਰਮ੍ਹਾ ਤੇ ਸਟਾਕ ਨਹੀਂ ਕੀਤਾ ਜਾਵੇਗਾ।

Scanned with CamScanner

11) ਬਿਨੈਕਾਰ ਪੈਟਰੋਲ ਪੰਪ ਦੀ ਨਿਸ਼ਾਨਦੇਹੀ ਉਪ ਮੰਡਲ ਇੰਜੀਨੀਅਰ/ਜੂਨੀਅਰ ਇੰਜੀਨੀਅਰ (ਲੋ:ਨਿ:ਵਿ:) ਦੀ ਹਾਜ਼ਰੀ ਵਿੱਚ ਕਰੇਗਾ।

12) ਪੈਟਰੋਲ ਪੰਪ ਦਾ ਪਲਿੰਥ ਲੈਵਲ ਸੜਕ ਦੇ ਲੈਵਲ ਤੋਂ ਅਪਰੂਵਡ ਡਰਾਇੰਗ ਅਨੁਸਾਰ ਨੀਵਾਂ ਰੱਖਿਆ ਜਾਵੇਗਾ।

13) ਬਿਨੈਕਾਰ ਪੈਟਰੋਲ ਪੰਪ ਦੇ ਗੇਟ ਕੋਲ ਸਲੈਬ ਟਾਈਪ ਕਲਵਰਟ ਦੀ ਉਸਾਰੀ ਅਪਰੂਵਡ ਡਰਾਇੰਗ ਅਨੁਸਾਰ ਆਪਣੇ ਖਰਚੇ ਤੇ ਕਰਨ ਦਾ ਪਾਬੰਦ ਹੋਵੇਗਾ।

14) ਜੇਕਰ ਬਿਨੈਕਾਰ ਨੂੰ ਸਰਵਿਸ ਰੋਡ ਦੀ ਜ਼ਰੂਰਤ ਪਈ ਤਾਂ ਉਸ ਦੀ ਉਸਾਰੀ ਅਤੇ ਦੇਖਭਾਲ ਦਾ ਖਰਚਾ ਬਿਨੈਕਾਰ ਇਸ ਵਿਭਾਗ ਕੋਲ ਜਮ੍ਹਾ ਕਰਵਾਉਣ ਦਾ ਪਾਬੰਦ ਹੋਵੇਗਾ।

15) ਵਰਤਮਾਨ ਜਾਂ ਭਵਿੱਖ ਵਿੱਚ ਜਦੋਂ ਵੀ ਸੜਕ ਦੀ ਇੰਮਪਰੂਵਮੈਂਟ/ਵਾਈਡਨਿੰਗ ਲਈ ਜੋ ਵੀ ਜ਼ਮੀਨ ਸਰਕਾਰ ਨੂੰ ਲੋੜੀਂਦੀ ਹੋਵੇਗੀ ਉਸ ਜਗ੍ਹਾ ਉਪਰ ਪਹਿਲਾਂ ਕੀਤੀ ਕੱਚੀ ਜਾਂ ਪੱਕੀ ਉਸਾਰੀ ਬਿਨੈਕਾਰ ਆਪਣੇ ਖਰਚੇ ਤੇ ਢਾਹੁਣ ਦਾ ਪਾਬੰਦ ਹੋਵੇਗਾ ਅਤੇ ਇਸ ਵਿਭਾਗ ਪਾਸੋਂ ਕੋਈ ਵੀ ਕਲੇਮ ਨਹੀਂ ਕਰੇਗਾ।

16) ਬਿਨੈਕਾਰ ਸੋਕ ਪਿੱਟ/ਰਿਚਾਰਜ ਪਿੱਟ ਦੀ ਉਸਾਰੀ ਸਪੈਸੀਫਿਕੇਸ਼ਨਾਂ ਅਨੁਸਾਰ ਆਪਣੀ ਜ਼ਮੀਨ ਵਿੱਚ ਕਰਨ ਦਾ ਪਾਬੰਦ ਹੋਵੇਗਾ।

17) ਬਿਨੈਕਾਰ ਆਉਣ ਤੇ ਜਾਣ ਵਾਲੇ ਰਸਤੇ ਤੇ ਆਈ.ਆਰ.ਸੀ. ਗਾਈਡਲਾਈਨ ਅਨੁਸਾਰ ਲੋੜੀਂਦੇ ਸਾਈਨ ਬੋਰਡ ਲਗਾਉਣੇ ਯਕੀਨੀ ਬਣਾਏਗਾ।

18) ਜੇਕਰ ਜਮ੍ਹਾ ਕਰਵਾਈ ਗਈ ਰਾਸ਼ੀ ਤੋਂ ਬਿਨ੍ਹਾਂ ਹੋਰ ਵਾਧੂ ਰਾਸ਼ੀ/ਲੀਜ਼ ਮਨੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਮ੍ਹਾਂ ਕਰਵਾਉਣੀ ਹੋਵੇਗੀ ਤਾਂ ਉਹ ਰਾਸ਼ੀ ਜਮ੍ਹਾ ਕਰਵਾਉਣ ਲਈ ਪੰਪ ਮਾਲਕ ਹਮੇਸ਼ਾ ਪਾਬੰਦ ਰਹੇਗਾ।

19) ਵਣ ਵਿਭਾਗ, ਪੁੱਡਾ ਵਿਭਾਗ, ਫਾਇਰ ਸੇਫਟੀ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਪਾਸੋਂ ਲੋੜੀਂਦੀ ਮੰਨਜ਼ੂਰੀ ਮਾਲਕ ਵੱਲੋਂ ਵੱਖਰੇ ਤੌਰ ਤੇ ਪ੍ਰਾਪਤ ਕੀਤੀ ਜਾਵੇਗੀ।

20) ਪੰਪ ਮਾਲਕ ਐਨ.ਓ.ਸੀ. ਜਾਰੀ ਹੋਣ ਤੋਂ ਪੰਜ ਸਾਲ ਬਾਅਦ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਲੀਜ਼ ਮਨੀ ਦੀ ਰਾਸ਼ੀ ਮੁੜ ਤੋਂ ਜਮ੍ਹਾਂ ਕਰਵਾਕੇ ਐਨ.ਓ.ਸੀ. ਦੀ ਮਿਆਦ ਵਧਾਉਣ ਦਾ ਪਾਬੰਦ ਰਹੇਗਾ।

21) ਜੇਕਰ ਪੈਟਰੋਲ ਪੰਪ ਮਾਲਕ ਉਕਤ ਹਦਾਇਤਾਂ ਵਿੱਚੋਂ ਕਿਸੇ ਇੱਕ ਦੀ ਪਾਲਣਾ ਨਹੀਂ ਕਰਦਾ ਤਾਂ ਇਹ ਜਾਰੀ ਕੀਤਾ ਐਨ.ਓ.ਸੀ. ਬਿਨ੍ਹਾ ਕਿਸੇ ਨੋਟਿਸ ਦੇ ਤੁਰੰਤ ਰੱਦ ਕਰਨ ਦਾ ਅਧਿਕਾਰ ਵਿਭਾਗ ਕੋਲ ਰਾਖਵਾਂ ਹੋਵੇਗਾ।

ਸਹੀ/-
ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ:2, ਲੋ:ਨਿ:ਵਿ:
ਭ ਤੇ ਮ ਸ਼ਾਖਾ, ਪਟਿਆਲਾ।

ਪਿੱਠ ਅੰਕਣ ਨੰ: 3135 ਮਿਤੀ: 09-09-2020

ਉਪਰੋਕਤ ਦਾ ਉਤਾਰਾ ਉਪ-ਮੰਡਲ ਇੰਜੀਨੀਅਰ, ਉਸਾਰੀ ਉਪ-ਮੰਡਲ ਨੰ:2, ਲੋ:ਨਿ:ਵਿ: ਭ ਤੇ ਮ ਸ਼ਾਖਾ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰਬਰ: Spl-I ਮਿਤੀ: 17-08-2020 ਦੇ ਹਵਾਲੇ ਵਿੱਚ ਉਕਤ ਸ਼ਰਤਾਂ ਆਧਾਰਿਤ ਅਸੈਸ ਟੂ ਰੋਡ ਦੇ ਕੰਮ ਨੂੰ ਧਿਆਨ ਵਿੱਚ ਰੱਖਣ ਹਿਤ ਅਤੇ ਫਾਈਨਲ ਐਨ.ਓ.ਸੀ. ਲਏ ਬਿਨ੍ਹਾਂ ਮੌਕੇ ਉੱਤੇ ਕੋਈ ਉਸਾਰੀ ਕਰਦਾ ਹੈ ਜਾਂ ਪੰਪ ਤੇ ਤੇਲ ਦੀ ਸਪਲਾਈ ਸੁਰੂ ਕਰਦਾ ਹੈ ਤਾਂ ਉਸ ਕੰਮ ਨੂੰ ਬੰਦ ਕਰਵਾਉਣ ਉਪਰੰਤ ਅਗਲੇਰੀ ਕਾਰਵਾਈ ਕਰਦੇ ਹੋਏ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ।

ਉਪਰੋਕਤ ਦਾ ਉਤਾਰਾ Prateek Srivastava s/o S.C. Srivastava R/o Flat No.102, Indian Oil Apartment, near Eicher School, Sector 46, NHPC Colony, Faridabad, Haryana ਨੂੰ ਸੂਚਨਾ ਅਤੇ ਪਾਲਣਾ ਹਿਤ ਭੇਜਿਆ ਜਾਂਦਾ ਹੈ।

ਨੱਥੀ/ 3 [illegible]

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਨੰ:2, ਲੋ:ਨਿ:ਵਿ:
ਭ ਤੇ ਮ ਸ਼ਾਖਾ, ਪਟਿਆਲਾ।

Scanned with CamScanner